BC CANCER LUNG SCREENING
Provincial Health Services Authority

ਫੇਫੜਿਆਂ ਦੀ ਕੈਂਸਰ ਸਕ੍ਰੀਨਿੰਗ ਦੀ ਨਤੀਜਾ ਸੂਚਨਾ
ਫਾਲੋ-ਅੱਪ ਦੀ ਸਿਫਾਰਸ਼ ਕੀਤੀ ਜਾਂਦੀ ਹੈ

Notice Date:
Exam Date:

Jane Sample
321 Example Way
City, Province, Postal Code

ਤੁਹਾਡੀ ਫੇਫੜਿਆਂ ਦੀ ਸਕ੍ਰੀਨਿੰਗ CT ਸਕੈਨ ਵਿੱਚ ਸ਼ੱਕੀ ਦਾਗ ਦਿਖਾਈ ਦਿੱਤੇ ਹਨ ਜਿਨ੍ਹਾਂ ਦੀ ਹੋਰ ਜਾਂਚ ਫਾਲੋ-ਅੱਪ ਟੈਸਟਾਂ ਰਾਹੀਂ ਕਰਨ ਦੀ ਲੋੜ ਹੈ, ਜਿਸ ਵਿੱਚ ਹੋਰ ਸਕੈਨ ਜਾਂ ਬਾਇਉਪਸੀ ਸ਼ਾਮਲ ਹੋ ਸਕਦੇ ਹਨ।ਇਸ ਦਾ ਇਹ ਮਤਲਬ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ, ਪਰ ਇਹ ਮਹੱਤਵਪੂਰਨ ਹੈ ਕਿ ਤੁਸੀਂ ਨਿਰਧਾਰਤ ਕੀਤੀਆਂ ਗਈਆਂ ਸਾਰੀਆਂ ਸਿਫਾਰਸ਼ੀ ਫਾਲੋ-ਅੱਪ ਪ੍ਰਕਿਰਿਆਵਾਂ ਵਿੱਚ ਹਾਜ਼ਰ ਹੋਵੋ।

ਅਗਲੇ ਕਦਮ: ਤੁਹਾਡੇ CT ਸਕੈਨ ਦੇ ਵਿਸਥਾਰਪੂਰਵਕ ਨਤੀਜੇ ਰਿਕਾਰਡ ਵਿੱਚ ਦਰਜ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕਰਤਾ: NATALIE EXAMPLE ਨੂੰ ਭੇਜੇ ਗਏ ਹਨ, ਜੇਕਰ ਤੁਹਾਡੇ ਕੋਲ ਫਾਲੋ-ਅੱਪ ਬਾਰੇ ਕੋਈ ਸਵਾਲ ਹਨ। ਇਸ ਤੋਂ ਇਲਾਵਾ, ਤੁਹਾਡੀ ਹੈਲਥ ਅਥਾਰਟੀ ਦੇ ਡਾਇਗਨੋਸਟਿਕ ਅਸੈੱਸਮੈਂਟ ਕਲਿਨਿਕ ਨੂੰ ਇੱਕ ਰੈਫਰਲ ਭੇਜਿਆ ਗਿਆ ਹੈ। ਉਹ ਤੁਹਾਡੇ ਨਾਲ ਸਿੱਧਾ ਸੰਪਰਕ ਕਰਨਗੇ ਤਾਂ ਜੋ ਐਪੁਆਇੰਟਮੈਂਟ ਦਾ ਪ੍ਰਬੰਧ ਕੀਤਾ ਜਾ ਸਕੇ ਅਤੇ ਅਗਲੇ ਕਦਮਾਂ ਬਾਰੇ ਚਰਚਾ ਕੀਤੀ ਜਾ ਸਕੇ। ਜੇਕਰ ਇਹ ਪੱਤਰ ਪ੍ਰਾਪਤ ਕਰਨ ਤੋਂ ਦੋ ਹਫ਼ਤਿਆਂ ਦੇ ਅੰਦਰ ਅੰਦਰ ਤੁਹਾਨੂੰ ਕਲਿਨਿਕ ਵੱਲੋਂ ਕੋਈ ਸੁਨੇਹਾ ਨਹੀਂ ਮਿਲਦਾ, ਤਾਂ ਕਿਰਪਾ ਕਰਕੇ ਲੰਗ ਸਕ੍ਰੀਨਿੰਗ ਪ੍ਰੋਗਰਾਮ ਨੂੰ 1-877-717-5864 'ਤੇ ਕਾਲ ਕਰੋ।

ਕੁਝ ਲੋਕਾਂ ਵਿੱਚ ਕੈਂਸਰ ਨਾਲ ਸਬੰਧਤ ਨਾ ਹੋਣ ਵਾਲੀਆਂ ਹੋਰ ਲੱਭਤਾਂ ਵੀ ਹੋ ਸਕਦੀਆਂ ਹਨ ਅਤੇ ਜੇਕਰ ਹੋਰ ਫਾਲੋ-ਅੱਪ ਦੀ ਲੋੜ ਹੋਵੇਗੀ ਤਾਂ ਸਿਹਤ-ਸੰਭਾਲ ਪ੍ਰਦਾਨਕਰਤਾ ਤੁਹਾਡੇ ਨਾਲ ਸੰਪਰਕ ਕਰੇਗਾ।

ਸਿਗਰਟਨੋਸ਼ੀ ਛੱਡਣਾ: ਰਜਿਸਟ੍ਰੇਸ਼ਨ ਦੇ ਸਮੇਂ, ਤੁਸੀਂ ਪ੍ਰੋਗਰਾਮ ਨੂੰ ਦੱਸਿਆ ਸੀ ਕਿ ਤੁਸੀਂ ਸਿਗਰਟਨੋਸ਼ੀ ਕਰ ਰਹੇ ਸੀ ਜਾਂ ਹਾਲ ਹੀ ਵਿੱਚ ਛੱਡੀ ਸੀ। ਸਿਗਰਟਨੋਸ਼ੀਛੱਡਣ ਨਾਲ ਫੇਫੜਿਆਂ ਦੀ ਸਕ੍ਰੀਨਿੰਗ ਦੇ ਲਾਭ ਦੁੱਗਣੇ ਹੋ ਜਾਂਦੇ ਹਨ ਅਤੇ ਤੁਹਾਡੇ ਫੇਫੜਿਆਂ ਦੀ ਸਿਹਤ ਵਿੱਚ ਮਹੱਤਵਪੂਰਨ ਸੁਧਾਰ ਹੁੰਦਾ ਹੈ। ਕਿਰਪਾ ਕਰਕੇ ਸਿਗਰਟਨੋਸ਼ੀ ਛੱਡਣ ਬਾਰੇ ਜਾਣਕਾਰੀ ਅਤੇ ਸਰੋਤਾਂ ਲਈ ਨਾਲ ਨੱਥੀ ਕੀਤੀ ਗਈ ਪੁਸਤਿਕਾ ਵੇਖੋ। ਅਧਿਐਨਾਂ ਵਿੱਚ ਪਾਇਆ ਗਿਆ ਹੈ ਕਿ Varenicline ਵਰਗੀਆਂ ਡਾਕਟਰੀ ਨੁਸਖ਼ੇ ਵਾਲੀਆਂ ਦਵਾਈਆਂ ਤੁਹਾਡੀਆਂ ਸਿਗਰਟਨੋਸ਼ੀ ਛੱਡਣ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦੀਆਂ ਹਨ। ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਸੰਪਰਕ ਕਰੋ ਅਤੇ ਸਿਗਰਟਨੋਸ਼ੀ ਛੱਡਣ ਲਈ ਡਾਕਟਰੀ ਨੁਸਖ਼ੇ ਵਾਲੀਆਂ ਦਵਾਈਆਂ ਬਾਰੇ ਚਰਚਾ ਕਰੋ, ਜਿਨ੍ਹਾਂ ਦਾ ਖਰਚਾ BC Smoking Cessation Program ਵੱਲੋਂ ਕਵਰ ਕੀਤਾ ਜਾ ਸਕਦਾ ਹੈ।

ਫੇਫੜਿਆਂ ਦੀ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ screeningbc.ca/lung 'ਤੇ ਜਾਉ।

BC Cancer Lung Screening Program ਵਿੱਚ ਭਾਗ ਲੈਣ ਲਈ ਤੁਹਾਡਾ ਧੰਨਵਾਦ।

Dr. Stephen Lam
Lung Screening Medical Director

ਜੇਕਰ ਤੁਹਾਡੀ ਅਗਲੀ ਸਕ੍ਰੀਨਿੰਗ ਤੋਂ ਪਹਿਲਾਂ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ addresschange.gov.bc.ca/ 'ਤੇ ਜਾ ਕੇ ICBC ਅਤੇ Health Insurance BC ਨੂੰ ਇੱਕੋ ਸਮੇਂ ਆਪਣੀ ਨਵੀਂ ਜਾਣਕਾਰੀ ਅੱਪਡੇਟ ਕਰੋ।

ਫੇਫੜਿਆਂ ਦੀ ਸਕ੍ਰੀਨਿੰਗ ਦੀਆਂ ਸੂਚਨਾਵਾਂ Health Gateway 'ਤੇ ਆਨਲਾਈਨ ਉਪਲਬਧ ਹਨ। ਪਹੁੰਚ ਲਈ ਰਜਿਸਟਰ ਕਰਨ ਵਾਸਤੇ ਕਿਰਪਾ ਕਰਕੇ healthgateway.gov.bc.ca/ 'ਤੇ ਜਾਉ।

ਜੇਕਰ ਤੁਹਾਨੂੰ ਇਹ ਰਿਪੋਰਟ ਗਲਤੀ ਨਾਲ ਪ੍ਰਾਪਤ ਹੋਈ ਹੈ ਜਾਂ ਤੁਹਾਡਾ ਸਿਹਤ-ਸੰਭਾਲ ਪ੍ਰਦਾਨਕਰਤਾ ਬਦਲ ਗਿਆ ਹੈ, ਤਾਂ ਕਿਰਪਾ ਕਰਕੇ ਸਾਨੂੰ 1-877-717-5864 'ਤੇ ਸੂਚਿਤ ਕਰੋ।

Screening Facility:
Lung Screening Site Name
Lung Screening Site Phone #

BC Cancer Lung Screening Program
screening@bccancer.bc.ca
1-877-717-5864

SAMPLE

BC CANCER LUNG SCREENING
Provincial Health Services Authority

ਫੇਫੜਿਆਂ ਦੀ **ਕੈਂਸਰ ਸਕ੍ਰੀਨਿੰਗ ਦੀ ਨਤੀਜਾ ਸੂਚਨਾ**

ਫਾਲੋ-ਅੱਪ ਦੀ ਸਿਫਾਰਸ਼ ਕੀਤੀ ਜਾਂਦੀ ਹੈ

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ, ਜਿਸ ਵਿੱਚ ਸੰਚਾਰ ਸੰਪਰਕ ਅਤੇ ਫਾਲੋ-ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਦੇ ਮੁਲਾਂਕਣ ਦੇ ਉਦੇਸ਼ਾਂ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਇਸਦੀ ਵਰਤੋਂ ਕਰੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾ ਰਹੀ ਹੈ। ਜੇਕਰ ਤੁਹਾਡੇ ਕੋਲ ਆਪਣੀ ਨਿੱਜੀ ਜਾਣਕਾਰੀ ਦੇ ਇਕੱਠੇ ਕਰਨ ਅਤੇ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ screeningbc.ca 'ਤੇ ਜਾਉ।

SAMPLE

BC Cancer Lung Screening Program
screening@bccancer.bc.ca
1-877-717-5864